# Punjabi 12

June 2001 Provincial Examination

## ANSWER KEY / SCORING GUIDE

**Topics:**
1. Interpersonal Communications – Language Elements
2. Creative Written Works
3. Informational Communication
4. Interpersonal Communications – Written Expression

**Multiple Choice**

| Q | K | C | S | T | Q | K | C | S | T |
|---|---|---|---|---|---|---|---|---|---|
| 1. | C | K | 1 | 1 | 16. | D | U | 1 | 2 |
| 2. | B | K | 1 | 1 | 17. | B | U | 1 | 2 |
| 3. | A | K | 1 | 1 | 18. | C | U | 1 | 2 |
| 4. | B | K | 1 | 1 | 19. | B | U | 1 | 2 |
| 5. | B | K | 1 | 1 | 20. | D | H | 1 | 2 |
| 6. | A | K | 1 | 1 | 21. | C | U | 1 | 3 |
| 7. | C | K | 1 | 1 | 22. | A | U | 1 | 3 |
| 8. | D | K | 1 | 1 | 23. | D | U | 1 | 3 |
| 9. | D | K | 1 | 1 | 24. | D | U | 1 | 3 |
| 10. | A | K | 1 | 1 | 25. | D | U | 1 | 3 |
| 11. | C | U | 1 | 2 | 26. | B | U | 1 | 3 |
| 12. | B | U | 1 | 2 | 27. | A | U | 1 | 3 |
| 13. | A | U | 1 | 2 | 28. | D | K | 1 | 3 |
| 14. | B | U | 1 | 2 | 29. | B | U | 1 | 3 |
| 15. | B | U | 1 | 2 | 30. | B | U | 1 | 3 |

**Multiple Choice = 30 marks**

**Written Response**

| Q | B | C | S | T |
|---|---|---|---|---|
| 1. | 1 | U | 10 | 1 |
| 2. | 2 | U | 5 | 2 |
| 3. | 3 | U | 5 | 2 |
| 4. | 4 | U | 5 | 3 |
| 5. | 5 | U | 5 | 3 |
| 6. | 6 | H | 10 | 4 |
| 7. | 7 | H | 10 | 4 |
| 8. | 8 | H | 10 | 4 |

**Written Response = 60 marks**

Multiple Choice = 30 marks
Written Response = 60 marks
**EXAMINATION TOTAL = 90 marks**

| **LEGEND:** | | |
|---|---|---|
| **Q** = Question Number | **K** = Keyed Response | **C** = Cognitive Level |
| **B** = Score Box Number | **S** = Score | **T** = Topic |

## SECTION 2: LANGUAGE ELEMENTS B

**Value: 10 marks** **Suggested Time: 10 minutes**

**INSTRUCTIONS:** Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses.

### ਮਿੱਤਰਤਾ

ਮਿੱਤਰ ਉਹ ਜੋ ਮੁਸੀਬਤ ਵੇਲੇ ਕੰਮ ਆਵੇ। ਇਹ ਗੱਲ ਬਹੁਤ ਵਾਰ ਕਹੀ ਜਾਂਦੀ ਹੈ। ਵੱਖ ਵੱਖ ਲੋਕ ਇਸ ਗੱਲ ਨੂੰ ਵੱਖ ਵੱਖ ________ (1a) ਨਾਲ ਕਹਿੰਦੇ ਹਨ। ਪਰ ਇਹ ਗੱਲ ਹੈ ਬਹੁਤ ਸੱਚੀ। ਲੱਗਭੱਗ (approximately) ਹਰ ਇਨਸਾਨ ਦੀ ਜ਼ਿੰਦਗੀ ਵਿੱਚ ਘੱਟ ਤੋਂ ਘੱਟ ਇੱਕ ਵਾਰ ਜ਼ਰੂਰ ਇਹੋ ਜਿਹਾ ________ (1b) ਆਉਂਦਾ ਹੈ ਜਦੋਂ ਉਸਨੂੰ ਮਿੱਤਰਾਂ ਦੀ ਜ਼ਰੂਰਤ ਪੈਂਦੀ ਹੈ। ਇਹੀ ਸਮਾਂ ਹੁੰਦਾ ਹੈ ਜਦੋਂ ਸੱਚੇ ਤੇ ਕੱਚੇ ਮਿੱਤਰਾਂ ਦੀ ਪਹਿਚਾਣ (distinction) ਹੋ ________ (1c) ਹੈ। ਕੁਝ ਮਿੱਤਰ ਖੁਸ਼ੀ ਵੇਲੇ ਤਾਂ ਹਮੇਸ਼ਾਂ ਤੁਹਾਡੇ ਨਾਲ ________ (1d) ਹਨ ਪਰ ਔਖੇ ਵੇਲੇ ਰਫੂ-ਚੱਕਰ (disappear) ਹੋ ਜਾਂਦੇ ਹਨ। ਜਿਹੜੇ ਮਿੱਤਰ ਔਖੇ ਵੇਲੇ ਸਾਡਾ ਸਾਥ ਦੇਣ ਸਾਨੂੰ ਹਮੇਸ਼ਾਂ ਉਨ੍ਹਾਂ ਤੇ ________ (1e) ਰਹਿੰਦਾ ਹੈ। ਜਿਹੜੇ ਮੁਸੀਬਤ ਵੇਲੇ ਸਾਥ ਛੱਡ ਜਾਣ, ਬਹਾਨੇ (excuses) ਬਣਾਉਣ, ਬਾਅਦ ਵਿੱਚ ਉਨ੍ਹਾਂ ਨਾਲ ਮਿਲਣ ________ (1f) ਸਾਡਾ ਕਦੀ ਦਿਲ ਨਹੀਂ ਕਰਦਾ। ਇਸ ਲਈ, ਸਾਨੂੰ ਮਿੱਤਰਾਂ ਦੀ ਚੋਣ ਹਮੇਸ਼ਾਂ ਬਹੁਤ ਸੋਚ ਸਮਝ ________ (1g) ਕਰਨੀ ਚਾਹੀਦੀ ਹੈ।

ਪਰ ਸੁਆਲ ਇਹ ਉੱਠਦਾ ਹੈ ਕਿ ________ (1h) ਮਿੱਤਰ ਲੱਭੇ ਕਿਥੋਂ ਜਾਣ। ਚੰਗਾ ਮਿੱਤਰ ਬਣਾਉਣ ਲਈ ਚੰਗਾ ਮਿੱਤਰ ਬਣਨਾ ਵੀ ________ (1i) ਹੈ। ਸਾਨੂੰ ਆਪ ਵੀ ________ (1j) ਦੇ ਕੰਮ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਦੂਜੇ ਵੀ ਸਾਨੂੰ ਆਪਣਾ ਮਿੱਤਰ ਸਮਝਣਗੇ। ਇੱਕ ਦੂਜੇ ਨਾਲ ਹੱਸਣ ਖੇਡਣ ਅਤੇ ਇੱਕ ਦੂਜੇ ਦੀ ਜ਼ਰੂਰਤ ਦਾ ਧਿਆਨ ਰੱਖਣ ਦਾ ਨਾਮ ਹੀ ਮਿੱਤਰਤਾ ਹੈ।

**Possible responses:**

a) ਢੰਗ
ਤਰ੍ਹਾਂ
ਢੰਗਾਂ
ਤਰੀਕੇ
ਸ਼ਬਦਾਂ
ਅੰਦਾਜ਼
ਤਰੀਕਿਆਂ

b) ਸਮਾਂ
ਮੌਕਾ
ਦਿਨ
ਵੇਲਾ
ਵਕਤ
ਅਵਸਰ

c) ਜਾਂਦੀ
ਸਕਦੀ

d) ਹੁੰਦੇ
ਤੁਰਦੇ
ਖੜ੍ਹਦੇ
ਚਲਦੇ
ਫ਼ਿਰਦੇ
ਰਹਿੰਦੇ

e) ਮਾਣ
ਭਰੋਸਾ
ਯਕੀਨ
ਵਿਸ਼ਵਾਸ

f) ਤੇ
ਨੂੰ
ਲਈ
ਤਾਂਈਂ
ਵਾਸਤੇ

g) ਕੇ
ਨਾਲ
ਦੂਆਰਾ

h) ਪੱਕੇ
ਸੱਚੇ
ਉਹ
ਐਸੇ
ਚੰਗੇ
ਇਹ
ਅਜਿਹੇ
ਇਹੋ ਜਿਹੇ
ਇਮਾਨਦਾਰ

i) ਪੈਂਦਾ
ਜ਼ਰੂਰੀ
ਚਾਹੀਦਾ

j) ਉਸ
ਦੂਜੇ
ਕਿਸੇ
ਹੋਰਾਂ
ਹਰੇਕ
ਮਿੱਤਰ
ਦੋਸਤਾਂ
ਉਹਨਾਂ
ਮਿੱਤਰਾਂ
ਦੂਜਿਆਂ
ਸਾਰਿਆਂ
ਬਾਕੀਆਂ
ਇਨਸਾਨ

**NOTE:** $\frac{1}{2}$ **mark will be awarded for communication.**

$\frac{1}{2}$ **mark will be awarded for accuracy: spelling, accents and grammatical correctness.**

## PART B: CREATIVE WRITTEN WORKS

## SECTION 3: FICTION (PROSE)

**INSTRUCTIONS:** Answer question 2 in **English**. Your answers must be based on the passage on page 4. Complete sentences are not required.

ਇੱਕ ਪਿੰਡ ਵਿੱਚ ਦੋ ਦੋਸਤ ਰਹਿੰਦੇ ਸਨ। ਇੱਕ ਸੋਨੇ ਦਾ ਵਪਾਰੀ ਸੀ ਅਤੇ ਦੂਸਰਾ ਖੇਤੀ ਦੇ ਨਾਲ ਨਾਲ ਮੱਝਾਂ ਤੇ ਘੋੜਿਆਂ ਦਾ ਵਪਾਰ ਵੀ ਕਰਦਾ ਸੀ। ਦੋਵੇਂ ਇੱਕ ਦੂਜੇ ਤੇ ਬਹੁਤ ਭਰੋਸਾ (trust) ਕਰਦੇ ਸਨ। ਦੋਨੋਂ ਲੋੜ ਸਮੇਂ ਇੱਕ ਦੂਜੇ ਦੀ ਮਦਦ ਵੀ ਕਰਦੇ ਸਨ।

ਇੱਕ ਵਾਰ ਦੀ ਗੱਲ ਹੈ ਕਿ ਸੋਨੇ ਦੇ ਵਪਾਰੀ ਨੂੰ ਕਿਸੇ ਕੰਮ ਲਈ ਸ਼ਹਿਰ ਜਾਣਾ ਪੈ ਗਿਆ। ਉਸਨੇ ਸੋਨਾ ਆਪਣੇ ਘਰ ਰੱਖ ਕੇ ਜਾਣਾ ਠੀਕ ਨਾ ਸਮਝਿਆ। ਉਸਨੇ ਆਪਣੇ ਮਿੱਤਰ ਕਿਸਾਨ ਨੂੰ ਕਿਹਾ, “ਮਿੱਤਰ, ਮੈਂ ਸ਼ਹਿਰ ਜਾ ਰਿਹਾ ਹਾਂ। ਉਥੇ ਕੁਝ ਦਿਨ ਲੱਗ ਜਾਣਗੇ। ਮੈਂ ਆਪਣਾ ਸੋਨਾ ਤੇਰੇ ਪਾਸ ਰੱਖ ਕੇ ਜਾ ਰਿਹਾ ਹਾਂ। ਵਾਪਸ ਆ ਕੇ ਲੈ ਲਵਾਂਗਾ।”

ਸ਼ਹਿਰ ਜਾਣ ਤੋਂ ਪਹਿਲਾਂ ਵਪਾਰੀ ਨੇ ਆਪਣਾ ਸਾਰਾ ਸੋਨਾ ਇੱਕ ਲੋਹੇ ਦੇ ਡੱਬੇ ਵਿੱਚ ਪਾ ਕੇ ਤਾਲਾ ਲਾ ਦਿੱਤਾ। ਅਗਲੇ ਦਿਨ ਸਵੇਰੇ ਸਵੇਰੇ ਡੱਬਾ ਕਿਸਾਨ ਨੂੰ ਫੜਾ ਕੇ ਉਹ ਸ਼ਹਿਰ ਚਲਾ ਗਿਆ। ਰਾਤ ਨੂੰ ਕਿਸਾਨ ਨੇ ਡੱਬਾ ਚੁੱਕਿਆ। ਡੱਬਾ ਉਸਨੂੰ ਕਾਫੀ ਭਾਰਾ ਲੱਗਿਆ। ਉਸਦੇ ਮਨ ਵਿੱਚ ਲਾਲਚ ਆ ਗਿਆ। ਉਸਨੇ ਤਾਲਾ ਤੋੜ ਲਿਆ ਅਤੇ ਸਾਰਾ ਸੋਨਾ ਚੁਰਾ ਲਿਆ।ਕੁਝ ਦਿਨਾਂ ਬਾਅਦ ਸੋਨੇ ਦਾ ਵਪਾਰੀ ਵਾਪਸ ਆਇਆ। ਉਸਨੇ ਆਪਣੇ ਮਿੱਤਰ, ਕਿਸਾਨ, ਕੋਲੋਂ ਆਪਣਾ ਡੱਬਾ ਮੰਗਿਆ। ਕਿਸਾਨ ਨੇ ਦੋਸਤ ਨੂੰ ਬੜਾ ਉਦਾਸ ਜਿਹਾ ਮੂੰਹ ਬਣਾ ਕਿ ਕਿਹਾ, “ਦੋਸਤ, ਬੜੀ ਮਾੜੀ ਖ਼ਬਰ ਹੈ। ਤੇਰਾ ਡੱਬਾ ਤਾਂ ਚੂਹੇ ਲੈ ਗਏ ਹਨ।” ਵਿਚਾਰਾ ਵਪਾਰੀ ਨਿੰਮੋਝੂਣਾ (disappoint) ਹੋ ਕੇ ਵਾਪਸ ਘਰ ਆ ਗਿਆ।

ਅਗਲੇ ਦਿਨ ਉਸਨੇ ਕਿਸਾਨ ਕੋਲੋਂ ਘੋੜਾ ਮੰਗਿਆ ਕਿਉਂਕਿ ਉਸਨੇ ਲਾਗਲੀ (nearby) ਨਦੀ ਤੇ ਨਹਾਉਣ ਜਾਣਾ ਸੀ। ਉਹ ਘੋੜੇ ਤੇ ਚੜ੍ਹਿਆ ਹੀ ਸੀ ਕਿ ਕਿਸਾਨ ਦਾ ਮੁੰਡਾ ਨਾਲ ਜਾਣ ਦੀ ਜ਼ਿੱਦ ਕਰਨ ਲੱਗਾ। ਉਸਨੇ ਬੱਚੇ ਨੂੰ ਆਪਣੇ ਪਿੱਛੇ ਬਿਠਾ ਲਿਆ ਅਤੇ ਨਦੀ ਵੱਲ ਚਲਾ ਗਿਆ। ਜਦੋਂ ਉਹ ਨਦੀ ਤੋਂ ਵਾਪਸ ਆਇਆ ਤਾਂ ਬੱਚਾ ਉਸਦੇ ਨਾਲ ਨਹੀਂ ਸੀ। ਕਿਸਾਨ ਨੇ ਪੁੱਛਿਆ, “ਮੇਰਾ ਪੁੱਤਰ ਕਿੱਥੇ ਹੈ ?” ਸੋਨੇ ਦੇ ਵਪਾਰੀ ਨੇ ਕਿਹਾ, “ਦੋਸਤ, ਬੜੇ ਅਫਸੋਸ ਦੀ ਗੱਲ ਹੈ ਪਰ ਉਸਨੂੰ ਇੱਕ ਇੱਲ ਚੁੱਕ ਕੇ ਲੈ ਗਈ ਹੈ।” ਕਿਸਾਨ ਨੇ ਹੈਰਾਨ ਹੋ ਕੇ ਪੁੱਛਿਆ ,“ਦੱਸਾਂ ਸਾਲਾਂ ਦੇ ਬੱਚੇ ਨੂੰ ਇੱਲ ਕਿਵੇਂ ਚੁੱਕ ਕੇ ਲੈ ਜਾ ਸਕਦੀ ਹੈ ?” ਸੋਨੇ ਦੇ ਵਪਾਰੀ ਨੇ ਕਿਹਾ, “ਜੇ ਚੂਹੇ ਸੋਨਾ ਚੁਰਾ ਸਕਦੇ ਹਨ ਤਾਂ ਇੱਲ ਵੀ ਬੱਚੇ ਨੂੰ ਲਿਜਾ ਸਕਦੀ ਹੈ।” ਕਿਸਾਨ ਬੜਾ ਸ਼ਰਮਿੰਦਾ ਹੋਇਆ। ਉਸਨੇ ਸੋਨੇ ਦਾ ਡੱਬਾ ਵਾਪਸ ਕਰ ਦਿੱਤਾ। ਸੋਨੇ ਦੇ ਵਪਾਰੀ ਨੇ ਉਸਦਾ ਬੱਚਾ ਉਸਨੂੰ ਵਾਪਸ ਕਰ ਦਿੱਤਾ।

2. a) How does the farmer take advantage of the merchant? **(1 mark)**

**Response:**

- **The farmer took the merchant's gold although he said that mice must have taken it.**

b) How does the farmer realize his mistake? **(1 mark)**

**Response:**

- **The farmer realizes his mistake when he asks the merchant how a ten-year old boy could be taken away by an eagle and the merchant replies that it happens in the same way that mice steal gold.**

c) What is the moral of this story? **(1 mark)**

**Response:**

- **The moral of the story is that whatever you sow so shall you reap.**

d) According to you, what is the best title for this story? Explain. **(2 marks)**

**Response:**

**For Example:**

**Title:** **Sweet Revenge**
**Explanation:** **Since the farmer was not honest with the merchant, the merchant was not honest with the farmer.**

## SECTION 4: FICTION (DRAMA)

**INSTRUCTIONS:** Answer question 3 in **Punjabi**. Your answers must be based on the drama on page 8. Complete sentences are not required.

ਬਲਬੀਰ : ਅੱਜ ਤੂੰ ਸਕੂਲ ਨਹੀਂ ਗਿਆ ?

ਰਾਜ : ਨਹੀਂ, ਅੱਜ ਸਾਡੇ ਸਕੂਲ ਪ੍ਰੋਫੈਸ਼ਨਲ ਡੀਵੈਲਪਮੈਂਟ ਡੇ ਸੀ ।

ਬਲਬੀਰ : ਅੱਛਾ ! ਤਾਹੀਓਂ ਮੈਂ ਕਿਹਾ ਕਿ ਤੂੰ ਅਜੇ ਤਿਆਰ ਕਿਉਂ ਨਹੀਂ ਹੋਇਆ ।

ਰਾਜ : ਹਾਂ, ਉੱਠ ਤਾਂ ਮੈਂ ਸਵੇਰੇ ਹੀ ਗਿਆ ਸੀ ਪਰ ਮੈਂ ਉੱਠ ਕੇ ਸਕੂਲ ਦਾ ਕੰਮ ਕਰਨ ਲੱਗ ਪਿਆ । ਇਥੇ ਕੰਮਪੀਊਟਰ ਤੇ ਹੀ ਤਿੰਨ-ਚਾਰ ਘੰਟੇ ਕਦੋਂ ਲੰਘ ਗਏ ਪਤਾ ਹੀ ਨਹੀਂ ਚਲਿਆ ।

ਬਲਬੀਰ : ਤੂੰ ਹੁਣ ਕਿਹੜੇ ਗਰੇਡ ਵਿੱਚ ਪੜ੍ਹਦਾ ਹੈਂ ?

ਰਾਜ : ਗਿਆਰ੍ਹਵੀਂ ਵਿੱਚ, ਮੈਂ ਇੰਟਰਨੈਸ਼ਨਲ ਬੈਕਲੋਰੀਏਟ ਵੀ ਕਰ ਰਿਹਾ ਹਾਂ ।

ਬਲਬੀਰ : ਉਹ ਕੀ ਹੁੰਦੀ ਹੈ ?

ਰਾਜ : ਇਸਨੂੰ ਛੋਟਾ ਕਰ ਕੇ ਆਈ. ਬੀ. ਵੀ ਕਹਿੰਦੇ ਹਨ । ਇਸ ਪ੍ਰੋਗਰਾਮ ਨੂੰ ਗਿਆਰ੍ਹਵੇਂ ਅਤੇ ਬਾਰ੍ਹਵੇਂ ਗਰੇਡ ਵਿੱਚ ਲਿਆ ਜਾਂਦਾ ਹੈ । ਫਿਰ ਜਦੋਂ ਕਾਲਜ ਜਾਂ ਯੂਨੀਵਰਸਿਟੀ ਜਾਈਏ ਤਾਂ ਪਹਿਲੇ ਸਾਲ ਦੇ 30 ਕਰੈਡਿਟ ਮਿਲ ਜਾਂਦੇ ਹਨ ।

ਬਲਬੀਰ : ਅੱਛਾ ? ਫਿਰ ਤਾਂ ਬਹੁਤ ਜ਼ਿਆਦਾ ਕੰਮ ਕਰਨਾ ਪੈਂਦਾ ਹੋਣਾ ਹੈ । ਬਹੁਤ ਮਿਹਨਤ ਕਰਨੀ ਪੈਂਦੀ ਹੋਣੀ ਹੈ ।

ਰਾਜ : ਹਾਂ, ਕੰਮ ਤਾਂ ਕਾਫ਼ੀ ਹੋ ਜਾਂਦਾ ਹੈ । ਮੈਨੂੰ ਚੰਗਾ ਲੱਗਦਾ ਹੈ ਇਸ ਤਰ੍ਹਾਂ । ਮੇਰਾ ਦੋਸਤ ਸ਼ਾਮ ਵੀ ਇਸ ਪ੍ਰੋਗਰਾਮ ਵਿੱਚ ਹੈ । ਪਰ ਉਸਨੂੰ ਬਹੁਤ ਔਖਾ ਲੱਗਦਾ ਹੈ । ਕਹਿੰਦਾ ਹੈ ਮੈਂ ਅਗਲੇ ਸਾਲ ਆਈ. ਬੀ. ਛੱਡ ਦੇਣੀ ਹੈ ।

ਬਲਬੀਰ : ਕਿਉਂ ? ਹੈ ਤਾਂ ਉਹ ਵੀ ਕਾਫ਼ੀ ਮਿਹਨਤੀ ਤੇ ਹੁਸ਼ਿਆਰ ।

ਰਾਜ : ਹਾਂ, ਹੈ ਤਾਂ, ਪਰ ਉਸਨੂੰ ਹਾਕੀ ਖੇਡਣਾ ਵੀ ਤਾਂ ਬਹੁਤ ਚੰਗਾ ਲੱਗਦਾ ਹੈ । ਇਧਰ ਆਈ. ਬੀ. ਵਿੱਚ ਕੰਮ ਹੀ ਏਨਾ ਹੋ ਜਾਂਦਾ ਹੈ ਕਿ ਉਸਨੂੰ ਹਾਕੀ ਅਤੇ ਹੋਰ ਖੇਡਾਂ ਖੇਡਣ ਲਈ ਸਮਾਂ ਕੱਢਣਾ ਹੀ ਬਹੁਤ ਔਖਾ ਹੋ ਜਾਂਦਾ ਹੈ ।

ਬਲਬੀਰ : ਹਾਂ, ਉਹ ਹਾਕੀ ਨਹੀਂ ਛੱਡ ਸਕਦਾ ।

ਰਾਜ : ਨਹੀਂ, ਇਕੱਲੀ ਹਾਕੀ ਹੀ ਨਹੀਂ ਉਹ ਹੋਰ ਬਹੁਤ ਕੰਮਾਂ ਵਿੱਚ ਭਾਗ ਲੈਂਦਾ ਹੈ । ਫਿਰ ਹਰ ਪਾਸੇ ਆਪਣਾ ਸੌ ਪ੍ਰਤੀਸ਼ਤ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ । ਇਧਰ ਆਈ. ਬੀ. ਵਿੱਚ ਮੁਕਾਬਲਾ (competition) ਬਹੁਤ ਹੈ । ਹਰ ਅਸਾਈਨਮੈਂਟ ਵਧੀਆ ਤੋਂ ਵਧੀਆ ਕਰਨੀ ਪੈਂਦੀ ਹੈ । ਸ਼ਾਮ ਹਰ ਪਾਸੇ ਪਹਿਲੇ ਨੰਬਰ ਤੇ ਆਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਅੱਜਕੱਲ ਬਹੁਤ ਤਨਾਅਪੂਰਨ (stressful) ਰਹਿੰਦਾ ਹੈ ।

ਬਲਬੀਰ : ਹਾਂ, ਇਹ ਤਾਂ ਹੈ । ਜ਼ਿੰਦਗੀ ਵਿੱਚ ਕੋਈ ਕੋਈ ਚੋਣ ਬਹੁਤ ਸੋਚ ਸਮਝਕੇ ਕਰਨੀ ਪੈਂਦੀ ਹੈ । ਤੁਸੀਂ ਕਿਹੜਾ ਕੰਮ ਕਰਨਾ ਹੈ ਅਤੇ ਕਿਵੇਂ ਕਰਨਾ ਹੈ । ਕਦੀ ਕਦੀ ਆਪਣਾ ਚੁਣਿਆ ਹੋਇਆ ਕੰਮ ਕਰਨ ਲਈ ਦੂਜੇ ਕੰਮਾਂ ਵਲੋਂ ਥੋੜ੍ਹਾ ਹੱਟਣਾ ਵੀ ਪੈਂਦਾ ਹੈ । ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਪਹਿਲ (priority) ਕਿਸ ਕੰਮ ਨੂੰ ਦੇਣੀ ਹੈ ।

3. a) ਇਸ ਡਰਾਮੇ ਅਨੁਸਾਰ ਆਈ. ਬੀ. ਕੀ ਹੁੰਦੀ ਹੈ ? **(1 mark)**

**Response:**

- **ਇਸਨੂੰ ਇੰਟਰਨੈਸ਼ਨਲ ਬੈਕਲੋਰੀਏਟ ਕਹਿੰਦੇ ਹਨ। ਇਸ ਪ੍ਰੋਗਰਾਮ ਨੂੰ ਗਿਆਰ੍ਹਵੇਂ ਅਤੇ ਬਾਰ੍ਹਵੇਂ ਗਰੇਡ ਵਿੱਚ ਲਿਆ ਜਾਂਦਾ ਹੈ।**

b) ਆਈ. ਬੀ. ਕਰਨ ਦਾ ਕੋਈ ਇੱਕ ਫਾਇਦਾ ਲਿਖੋ। **(1 mark)**

**Response:**

- **ਇੰਟਰਨੈਸ਼ਨਲ ਬੈਕਲੋਰੀਏਟ ਕਰਨ ਤੋਂ ਬਾਅਦ ਫਿਰ ਜਦੋਂ ਕਾਲਜ ਜਾਂ ਯੂਨੀਵਰਸਿਟੀ ਜਾਈਏ ਤਾਂ ਪਹਿਲੇ ਸਾਲ ਦੇ 30 ਕਰੈਡਿਟ ਮਿਲ ਜਾਂਦੇ ਹਨ।**
- **ਮਿਹਨਤ ਕਰਨ ਦੀ ਆਦਤ ਪੈਂਦੀ ਹੈ।**

c) ਹਰੇਕ ਕੰਮ ਵਿੱਚ ਪਹਿਲੇ ਨੰਬਰ ਤੇ ਆਉਣ ਦੀ ਕੋਸ਼ਿਸ਼ ਕਰਨ ਦਾ ਸ਼ਾਮ ਤੇ ਕੀ ਅਸਰ ਪਿਆ ਹੈ ? **(1 mark)**

**Response:**

- **ਅੱਜਕੱਲ ਉਹ ਬਹੁਤ ਤਨਾਅਪੂਰਨ ਰਹਿੰਦਾ ਹੈ।**

d) ਡਰਾਮੇ ਅਨੁਸਾਰ ਜ਼ਿੰਦਗੀ ਵਿੱਚ ਚੰਗੀਆਂ ਚੋਣਾਂ ਕਰਨ ਬਾਰੇ ਕੀ ਸੁਝਾਅ ਦਿੱਤੇ ਗਏ ਹਨ ? ਕੋਈ ਦੋ ਸੁਝਾਅ ਦਿਉ। **(2 marks)**

**Response:**

- **ਇਸ ਵਿੱਚ ਦੱਸਿਆ ਗਿਆ ਹੈ ਕਿ ਜ਼ਿੰਦਗੀ ਵਿੱਚ ਕੋਈ ਕੋਈ ਚੋਣ ਬਹੁਤ ਸੋਚ ਸਮਝਕੇ ਕਰਨੀ ਪੈਂਦੀ ਹੈ।**
- **ਤੁਸੀਂ ਕਿਹੜਾ ਕੰਮ ਕਰਨਾ ਹੈ ਅਤੇ ਕਿਵੇਂ ਕਰਨਾ ਹੈ।**
- **ਕਦੀ ਕਦੀ ਆਪਣਾ ਚੁਣਿਆ ਹੋਇਆ ਕੰਮ ਕਰਨ ਲਈ ਦੂਜੇ ਕੰਮਾਂ ਵਲੋਂ ਥੋੜਾ ਹੱਟਣਾ ਵੀ ਪੈਂਦਾ ਹੈ।**
- **ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਪਹਿਲ ਕਿਸ ਕੰਮ ਨੂੰ ਦੇਣੀ ਹੈ।**

## PART C: INFORMATIONAL COMMUNICATION

## SECTION 5: NON-FICTION (JOURNALISTIC PROSE)

| | |
|---|---|
| **INSTRUCTIONS:** | Answer question 4 in **Punjabi**. Your answers must be based on the article on page 12. Complete sentences are not required. |

# ਪਤੰਗ ਉਡਾਉਣੀ ਅੰਮ੍ਰਿਤਸਰ ਤੋਂ ਅੰਤਰ-ਰਾਸ਼ਟਰੀ (international) ਪੱਧਰ ਤੇ ਪਹੁੰਚੀ

**ਚੰਡੀਗੜ੍ਹ :** "ਪਤੰਗ ਉਡਾਣੀ ਤਾਂ ਸਾਡੇ ਖ਼ੂਨ ਦੀ ਇੱਕ ਇੱਕ ਬੂੰਦ ਵਿੱਚ ਹੈ।" ਅੰਤਰ-ਰਾਸ਼ਟਰੀ ਪਤੰਗ ਉਡਾਉਣ ਦੇ ਪੰਜਾਬੀ ਚੈਮਪੀਅਨ ਦਾ ਕਹਿਣਾ ਹੈ। ਬਸੰਤ ਦੇ ਮੌਕੇ ਤੇ ਇੰਡੀਆ ਦੀ ਵਾਤਾਵਰਨ (environment) ਸੋਸਾਇਟੀ ਵਲੋਂ ਆਯੋਜਿਤ (organized) ਕੀਤੇ ਪ੍ਰੋਗਰਾਮ ਸਮੇਂ ਅੰਮ੍ਰਿਤਸਰ ਤੋਂ ਆਏ ਜਸਵੰਤ ਸਿੰਘ ਨੂੰ ਸਨਮਾਨਿਤ (recognize) ਕੀਤਾ ਗਿਆ।

ਖ਼ਾਲਸਾ ਕਾਲਜ , ਅੰਮ੍ਰਿਤਸਰ ਦੇ ਇਸ ਕਰਮਚਾਰੀ ਦਾ ਪਤੰਗ ਉਡਾਉਣਾ ਇੱਕ ਸ਼ੋਂਕ (hobby) ਹੈ। ਉਹ ਕੇਵਲ ਪਤੰਗਾਂ ਉਡਾਉਣ ਦਾ ਹੀ ਮਾਹਿਰ ਨਹੀ ਹੈ ਬਲਕਿ ਪਤੰਗਾਂ ਬਣਾਉਣ ਦਾ ਵੀ ਮਾਹਿਰ ਹੈ। ਉਸਨੇ ਕਈ ਪ੍ਰਕਾਰ ਦੀਆਂ ਪਤੰਗਾਂ ਬਣਾਈਆਂ ਹਨ: ਡੱਬਾ ਪਤੰਗ, ਸੱਪ ਪਤੰਗ, ਮੱਛੀ ਪਤੰਗ ਅਤੇ ਹਵਾਈ ਜਹਾਜ਼ ਪਤੰਗ ਕੁੱਝ ਕੁ ਵਰਨਣਯੋਗ (mentionable) ਹਨ।

ਜਸਵੰਤ ਸਿੰਘ ਨੂੰ ਪਤੰਗਾਂ ਬਣਾਉਣ ਦਾ ਸ਼ੌਕ ਬਚਪਨ ਤੋਂ ਹੀ ਹੈ। ਉਹ 1954 ਤੋਂ ਕਿਲ੍ਹਾ ਕਾਈਟ ਕਲੱਬ, ਅੰਮ੍ਰਿਤਸਰ ਦਾ ਮੈਂਬਰ ਹੈ। ਉਸਦੀ ਹਿੰਮਤ ਦਾ ਸਦਕਾ ਕਲੱਬ ਨੇ ਅੱਜ ਅੰਤਰ-ਰਾਸ਼ਟਰੀ ਪੱਧਰ ਤੇ ਨਾਮ ਕਮਾ ਲਿਆ ਹੈ। ਜਸਵੰਤ ਸਿੰਘ ਨੇ ਇਹ ਸਿਖਿਆ ਉਸਤਾਦ (coach) ਮੋਹਨ ਲਾਲ ਲਾਹੌਰੀਆ, ਜੋ ਲਾਹੌਰ ਦਾ ਮਸ਼ਹੂਰ ਪਤੰਗ ਉਡਾਉਣ ਦਾ ਉਸਤਾਦ ਸੀ, ਕੋਲੋਂ ਪ੍ਰਾਪਤ ਕੀਤੀ। "ਸਾਡਾ ਕਲੱਬ ਓਨੀ ਦੇਰ ਪਤੰਗ ਉਡਾਉਣ ਵਾਲਿਆਂ ਨੂੰ ਮੈਂਬਰ ਨਹੀਂ ਬਣਾਉਂਦਾ ਜਦ ਤੱਕ ਉਨ੍ਹਾਂ ਨੇ ਕੋਈ ਉਸਤਾਦ ਧਾਰਨ ਨਾ ਕੀਤਾ ਹੋਵੇ," ਜਸਵੰਤ ਸਿੰਘ ਨੇ ਕਿਹਾ।

ਚੰਡੀਗੜ੍ਹ ਪਤੰਗ ਉਡਾਉਣ ਦੇ ਵਾਤਾਵਰਨ ਤੋਂ ਨਿਰਾਸ਼ ਹੋ ਕੇ ਉਸਨੇ ਕਿਹਾ, "ਇਥੇ ਤਾਂ ਕਿਸੇ ਨੂੰ ਪਤੰਗ ਉਡਾਉਣ ਬਾਰੇ ਕੁਝ ਪਤਾ ਹੀ ਨਹੀਂ, ਨਾ ਹੀ ਉਡਾਉਣ ਵਾਲਿਆਂ ਨੂੰ ਅਤੇ ਨਾ ਹੀ ਆਰਗੇਨਾਈਜ਼ਰਜ਼ ਨੂੰ। ਪਤੰਗ ਉਡਾਉਣ ਦੇ ਕਈ ਅਸੂਲ (rules) ਹੁੰਦੇ ਹਨ। ਪਰ ਚੰਡੀਗੜ੍ਹ ਦੇ ਆਰਗੇਨਾਈਜ਼ਰਜ਼ ਨੂੰ ਤਾਂ ਇਨ੍ਹਾਂ ਬਾਰੇ ਕੋਈ ਗਿਆਨ (knowledge) ਹੀ ਨਹੀਂ ਹੈ।"

ਜਸਵੰਤ ਸਿੰਘ ਨੂੰ ਸੂਬਾਈ (provincial) ਅਤੇ ਕੇਂਦਰੀ (central) ਸਰਕਾਰ ਵਲੋਂ ਸਪੌਂਸਰਸ਼ਿਪ ਨਾ ਮਿਲਣ ਦੇ ਬਾਵਜੂਦ ਵੀ ਉਸਨੇ ਕਈ ਇਨਾਮ ਜਿੱਤੇ ਹਨ। ਜਸਵੰਤ ਸਿੰਘ ਨੇ ਦੋ ਅੰਤਰ-ਰਾਸ਼ਟਰੀ ਮੁਕਾਬਲਿਆਂ, ਕਾਬਲ ਵਿੱਚ 1981 ਅਤੇ ਪਾਕਿਸਤਾਨ ਵਿੱਚ 1993, ਵਿੱਚ ਭਾਗ ਲਿਆ। ਇਨ੍ਹਾਂ ਤੋਂ ਇਲਾਵਾ ਉਸਨੇ ਇੰਡੀਆ ਵਿੱਚ ਹੋਏ ਕਈ ਮੁਕਾਬਲਿਆਂ ਵਿੱਚ ਵੀ ਹਿੱਸਾ ਲਿਆ। ਇਸਦਾ ਨਾਮ ਸਿੰਘਾਪੁਰ, ਜਪਾਨ ਅਤੇ ਹੋਰ ਕਈ ਦੇਸ਼ਾਂ ਦੇ ਕਾਈਟ ਫਲਾਇੰਗ ਕਲੱਬਾਂ ਵਿੱਚ ਪ੍ਰਸਿਧ ਹੈ। ਜਸਵੰਤ ਸਿੰਘ ਕੋਲ ਕਈ ਤਰ੍ਹਾਂ ਦੇ ਵਿਦੇਸ਼ੀ (imported) ਪਤੰਗ ਹਨ। "ਮੇਰੇ ਘਰ ਦਾ ਗੇਟ ਵੀ ਪਤੰਗ ਦੇ ਆਕਾਰ (shape) ਦਾ ਹੀ ਹੈ," ਉਹ ਅਕਸਰ ਮੁਸਕਰਾਉਂਦਾ ਹੋਇਆ ਬੜੇ ਮਾਣ ਨਾਲ ਕਹਿੰਦਾ ਹੈ।

*The Link.* February 19, 2000

4. a) ਜਸਵੰਤ ਸਿੰਘ ਨੂੰ ਕਿਉਂ ਸਨਮਾਨਿਤ ਕੀਤਾ ਜਾ ਰਿਹਾ ਹੈ ? **(1 mark)**

**Response:**

- **ਜਸਵੰਤ ਸਿੰਘ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਅੰਤਰ-ਰਾਸ਼ਟਰੀ ਪਤੰਗ ਉਡਾਉਣ ਦਾ ਪੰਜਾਬੀ ਚੈਮਪੀਅਨ ਹੈ ।**

b) ਜਸਵੰਤ ਸਿੰਘ ਕਿਸ ਕਲੱਬ ਦਾ ਮੈਂਬਰ ਹੈ ? **(1 mark)**

**Response:**

- **ਉਹ ਕਿਲ੍ਹਾ ਕਾਈਟ ਕਲੱਬ, ਅੰਮ੍ਰਿਤਸਰ, ਦਾ ਮੈਂਬਰ ਹੈ ।**

c) ਜਸਵੰਤ ਸਿੰਘ ਦਾ ਉਸਤਾਦ ਕੌਣ ਸੀ ? **(1 mark)**

**Response:**

- **ਜਸਵੰਤ ਸਿੰਘ ਦਾ ਉਸਤਾਦ ਮੋਹਨ ਲਾਲ ਲਾਹੌਰੀਆ ਸੀ ।**

d) ਉਸਨੂੰ ਉਸਤਾਦ ਦੀ ਲੋੜ ਕਿਉਂ ਪਈ ? **(1 mark)**

**Response:**

- **ਉਸਨੂੰ ਉਸਤਾਦ ਦੀ ਲੋੜ ਇਸ ਲਈ ਪਈ ਕਿਉਂਕਿ ਕਿਲ੍ਹਾ ਕਾਈਟ ਕਲੱਬ ਓਨੀ ਦੇਰ ਪਤੰਗ ਉਡਾਉਣ ਵਾਲਿਆਂ ਨੂੰ ਮੈਂਬਰ ਨਹੀਂ ਬਣਾਉਂਦਾ ਜਦ ਤੱਕ ਉਨ੍ਹਾਂ ਨੇ ਕੋਈ ਉਸਤਾਦ ਧਾਰਨ ਨਾ ਕੀਤਾ ਹੋਵੇ ।**

e) ਜਸਵੰਤ ਸਿੰਘ ਨੇ ਕਿਹੜੇ ਕਿਹੜੇ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲਿਆ ਹੈ ? **(1 mark)**

**Response:**

- **ਜਸਵੰਤ ਸਿੰਘ ਨੇ ਦੋ ਅੰਤਰ-ਰਾਸ਼ਟਰੀ ਮੁਕਾਬਲਿਆਂ, ਕਾਬਲ ਵਿੱਚ 1981 ਅਤੇ ਪਾਕਿਸਤਾਨ ਵਿੱਚ 1993, ਵਿੱਚ ਭਾਗ ਲਿਆ ਹੈ ।**

## SECTION 6: NON-FICTION (AUTHENTIC DOCUMENTS)

**INSTRUCTIONS:** Answer question 5 in **Punjabi**. Your answers must be based on the information below. Complete sentences are not required.

# ਗਿੱਲ ਐਂਡ ਅਸੋਸੀਏਟਸ

**ਵਕੀਲ ਜੋ ਤੁਹਾਡੀਆਂ ਸਾਰੀਆਂ ਕਾਨੂੰਨੀ ਲੋੜਾਂ ਪੂਰੀਆਂ ਕਰਦੇ ਹਨ !**

ਅਸੀਂ ਹਰਮਨ ਮਾਹਲ ਵਲੋਂ ਕਮਿਊਨਿਟੀ ਨੂੰ ਉੱਚ ਪੱਧਰੀਆਂ ਸੇਵਾਵਾਂ ਪ੍ਰਦਾਨ ਕਰਨ ਦੀ ਸੱਤਵੀਂ ਵਰ੍ਹੇਗੰਢ (anniversary) ਮਨਾਉਂਦੇ ਹੋਏ ਵੈਨਕੂਵਰ ਸ਼ਹਿਰ ਵਿੱਚ ਲਾਅ ਆਫ਼ਿਸ ਦੀ ਇੱਕ ਹੋਰ ਬਰਾਂਚ ਦਾ ਉਦਘਾਟਨ (opening ceremony) ਕਰਨ ਜਾ ਰਹੇ ਹਾਂ ।

ਅਸੀਂ ਹਰ ਪ੍ਰਕਾਰ ਦੇ ਕਾਨੂੰਨੀ ਕੇਸਾਂ ਲਈ ਕੰਮ ਕਰਦੇ ਹਾਂ :

- ਇਮੀਗਰੇਸ਼ਨ
  (ਅਪੀਲ, ਪਰਵਾਰਿਕ, ਸਪੌਂਸਰ, ਬਿਜ਼ਨਸ, ਰਫਿਊਜੀ, ਸਿਟੀਜ਼ਨਸ਼ਿਪ)
- ਆਈ. ਸੀ. ਬੀ. ਸੀ. ਅਤੇ ਨਿੱਜੀ ਚੋਟਾਂ
- ਪਰਿਵਾਰਕ ਕਾਨੂੰਨ (ਤਲਾਕ ਅਤੇ ਅਲਹਿਦਗੀ separation)
- ਕ੍ਰਿਮੀਨਲ ਲਾਅ
- ਕਾਰਪੋਰੇਟ ਤੇ ਕਮਰਸ਼ੀਅਲ
- ਵਸੀਅਤ ਤੇ ਜਾਇਦਾਦ ਸਬੰਧੀ
- ਕਈ ਇਮੀਗਰੇਸ਼ਨ ਕੇਸਾਂ ਵਿੱਚ ਜੇ ਪੂਰੀ ਕਾਮਯਾਬੀ ਨਾ ਹੋਵੇ ਤਾਂ ਅਸੀਂ 100 ਫੀ ਸਦੀ ਫੀਸ ਮੋੜਨ ਲਈ ਵਚਨਬੱਧ ਹਾਂ ।
- ਕਈ ਸਿਵਲ ਕੇਸਾਂ ਵਿੱਚ ਅਸੀਂ ਉਦੋਂ ਤੱਕ ਤੁਹਾਡੇ ਕੋਲੋਂ ਪੈਸੇ ਨਹੀਂ ਲੈਂਦੇ ਜਦੋਂ ਤੱਕ ਤੁਹਾਨੂੰ ਮੁਆਵਜਾ (compensation) ਮਿਲ ਨਹੀਂ ਜਾਂਦਾ ।
- ਸੇਵਾਵਾਂ ਪੰਜਾਬੀ, ਹਿੰਦੀ ਅਤੇ ਇੰਗਲਿਸ਼ ਵਿੱਚ ਦਿੱਤੀਆਂ ਜਾਂਦੀਆਂ ਹਨ ।

**ਪਹਿਲੀ ਮਿਲਣੀ ਮੁਫ਼ਤ ਹੈ ।**

---

**ਵੈਨਕੂਵਰ**
3453 ਵਾਗਿੰਡਨ ਰੋਡ,
ਫੋਨ: 604-555-2222

**ਸਰੀ**
8954-120th ਸਟਰੀਟ
ਫੋਨ : 604-555-4444

5. a) ਗਿੱਲ ਐਂਡ ਅਸੋਸੀਏਟਸ ਆਪਣੀ ਸੱਤਵੀਂ ਵਰ੍ਹੇਗੰਢ ਕਿਸ ਤਰ੍ਹਾਂ ਮਨਾ ਰਹੇ ਹਨ ? **(1 mark)**

**Response:**

- **ਗਿੱਲ ਐਂਡ ਅਸੋਸੀਏਟਸ ਆਪਣੀ ਸੱਤਵੀਂ ਵਰ੍ਹੇਗੰਢ ਵੈਨਕੂਵਰ ਸ਼ਹਿਰ ਵਿੱਚ ਲਾਅ ਆਫ਼ਿਸ ਦੀ ਤੀਸਰੀ ਬਰਾਂਚ ਦਾ ਉਦਘਾਟਨ ਕਰਕੇ ਮਨਾ ਰਹੇ ਹਨ ।**

b) ਗਿੱਲ ਐਂਡ ਅਸੋਸੀਏਟਸ ਦੇ ਵੈਨਕੂਵਰ ਵਿੱਚ ਕਿੰਨੇ ਦਫ਼ਤਰ ਹੋ ਜਾਣਗੇ ? **(1 mark)**

**Response:**

- **ਗਿੱਲ ਐਂਡ ਅਸੋਸੀਏਟਸ ਦੇ ਵੈਨਕੂਵਰ ਵਿੱਚ ਦੋ ਦਫ਼ਤਰ ਹੋ ਜਾਣਗੇ ।**

c) ਗਿੱਲ ਐਂਡ ਅਸੋਸੀਏਟਸ ਸਿਵਲ ਕੇਸਾਂ ਵਿੱਚ ਕਿਵੇਂ ਮਦਦ ਕਰਦੇ ਹਨ ? **(1 mark)**

**Response:**

- **ਗਿੱਲ ਐਂਡ ਅਸੋਸੀਏਟਸ ਸਿਵਲ ਕੇਸਾਂ ਵਿੱਚ ਉਦੋਂ ਤੱਕ ਤੁਹਾਡੇ ਕੋਲੋਂ ਪੈਸੇ ਨਹੀਂ ਲੈਂਦੇ ਜਦੋਂ ਤੱਕ ਤੁਹਾਨੂੰ ਮੁਆਵਜਾ ਨਹੀਂ ਮਿਲ ਜਾਂਦਾ ।**

d) ਇਹ ਪਹਿਲੀ ਮਿਲਣੀ ਦੀ ਕਿੰਨੀ ਫੀਸ ਲੈਂਦੇ ਹਨ ? **(1 mark)**

**Response:**

- **ਇਹ ਪਹਿਲੀ ਮਿਲਣੀ ਦੀ ਕੋਈ ਫੀਸ ਨਹੀਂ ਲੈਂਦੇ ਹਨ ।**

e) ਇਨ੍ਹਾਂ ਦੇ ਦਫ਼ਤਰ ਕਿੱਥੇ ਕਿੱਥੇ ਹਨ ? **(1 mark)**

**Response:**

- **ਇਨ੍ਹਾਂ ਦੇ ਦਫ਼ਤਰ ਸਰੀ ਅਤੇ ਵੈਨਕੂਵਰ ਵਿੱਚ ਹਨ ।**

## PART D: INTERPERSONAL COMMUNICATION – WRITTEN EXPRESSION
## SECTION 7: DIALOGUE COMPLETION

**Value: 10 marks** **Suggested Time: 10 minutes**

**INSTRUCTIONS:** Using approximately 60 words, complete the following dialogue in **Punjabi**. Avoid repetition and lists. Marks will be awarded for content and for grammatical correctness.

6. ਜਸਵੀਰ ਸਿੰਘ : ਮੈਂ ਚਾਹੁੰਦਾ ਸਾਂ ਕਿ ਆਪਾਂ ਇਕੱਠੇ ਕਦੀ ਚਾਹ ਪੀਣ ਜਾਈਏ। ਮੈਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਕਿਸੇ ਸੁਪਰ ਸਟੋਰ ਤੇ ਕੰਮ ਕਰਨਾ ਚਾਹੁੰਦਾ ਹਾਂ। ਮੈਂ ਸੋਚਿਆ ਕਿ ਤੁਹਾਡੇ ਤੋਂ ਪੁੱਛਾਂ ਕਿ ਇੰਟਰਵਿਯੂ ਲਈ ਕੀ ਤਿਆਰੀ ਕਰਨੀ ਚਾਹੀਦੀ ਹੈ।

ਮਨਜੀਤ ਕੌਰ : ਤੁਸੀਂ ਕਿਸ ਤਰ੍ਹਾਂ ਦੇ ਕੰਮ ਲਈ ਅਪਲਾਈ ਕੀਤਾ ਹੈ ? **(10 marks)**

**OPEN ENDED—Marked Holistically**

**For Example:**

**ਜਸਵੀਰ ਸਿੰਘ : ਕਿਸੇ ਤਰ੍ਹਾਂ ਦਾ ਵੀ ਹੋ ਜਾਏ ਜਿਵੇਂ ਸੇਲਜ਼ ਪਰਸਨ ਜਾਂ ਕੈਸ਼ੀਅਰ ਦਾ।**

**ਮਨਜੀਤ ਕੌਰ : ਹਾਂ ਜੀ। ਤੁਸੀਂ ਜੋ ਵੀ ਕੰਮ ਕਰਨਾ ਹੈ ਜਾਂ ਜਿੱਥੇ ਵੀ ਅਪਲਾਈ ਕੀਤਾ ਹੈ ਉਸਦਾ ਰੈਜ਼ਮੇ ਲੈ ਆਉਣਾ। ਫਿਰ ਆਪਾਂ ਬੈਠ ਕੇ ਦੇਖ ਲਵਾਂਗੇ।**

**ਜਸਵੀਰ ਸਿੰਘ : ਸਾਰੇ ਰੈਜ਼ਮੇ ਮੇਰੇ ਕੋਲ ਹੀ ਹਨ।**

**ਮਨਜੀਤ ਕੌਰ : ਚੰਗਾ ਫਿਰ ਆਪਾਂ ਕੱਲ੍ਹ ਹੀ ਦੇਖ ਲਵਾਂਗੇ।**

**ਜਸਵੀਰ ਸਿੰਘ : ਕਿੱਥੇ ਅਤੇ ਕਿੰਨੇ ਵਜੇ ?**

**ਮਨਜੀਤ ਕੌਰ : ਕੱਲ੍ਹ ਇੱਥੇ, ਮੇਰੇ ਆਫ਼ਿਸ ਵਿੱਚ ਸ਼ਾਮੀ ਚਾਰ ਵਜੇ, ਠੀਕ ਹੈ।**

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi**, using approximately 60 words, on the topic given below. Avoid repetition and lists. Marks will be awarded for content and for grammatical correctness. |

7. Write a short letter to invite a relative to attend your graduation ceremony. Tell your relative the date, location and time of the ceremony. As well, say why it is important for him or her to attend this ceremony. **(10 marks)**

**Note:** The letter should include appropriate salutation and closing phrases.
Students must avoid identifying themselves, their schools, or school districts.

**OPEN ENDED—Marked Holistically**

**For Example:**

**32451 ਮੇਰੀ ਗਲੀ,**
**ਆਪਣਾ ਸ਼ਹਿਰ,**
**ਬੀ. ਸੀ.**
**ਅ2ਬ 3ਕ4**

**18 ਜੂਨ, 2000**

**ਮਾਣਯੋਗ ਚਾਚਾ ਜੀ,**

**ਨਮਸਤੇ !**

**ਕੀ ਹਾਲ ਹੈ ? ਉਮੀਦ ਹੈ ਤੁਸੀਂ ਸਾਰੇ ਠੀਕ ਹੋਵੋਂਗੇ । ਚਾਚਾ ਜੀ, ਮੇਰੀ ਗਰੈਜੁਏਟ ਪਾਰਟੀ 31 ਜੂਨ ਨੂੰ, ਸਾਡੇ ਸਕੂਲ ਦੇ ਜ੍ਹਿਮ ਵਿੱਚ, ਸ਼ਾਮੀ ਪੰਜ ਵਜੇ ਹੈ । ਮੈ ਸਾਰਾ ਸਾਲ ਆਨਰ ਰੋਲ ਤੇ ਸੀ । ਮੈਂਨੂੰ ਕਈ ਇਨਾਮ ਵੀ ਮਿਲਣੇ ਹਨ । ਮੈਂ ਚਾਹੁੰਦਾ ਸੀ ਕਿ ਤੁਸੀਂ ਜ਼ਰੂਰ ਆਉ । ਮੈਂ ਤੁਹਾਡੀ ਇੰਤਜ਼ਾਰ ਕਰਾਂਗਾ ।**

**ਤੁਹਾਡਾ ਭਤੀਜਾ,**
**ਖੁਸ਼ਵੀਰ**

## SECTION 9: MAP DIRECTIONS

**Value: 10 marks** **Suggested Time: 10 minutes**

| | |
|---|---|
| **INSTRUCTIONS:** | In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness. |

8. Jiwan is going to walk to school today. He is going to attend his computer class at 9:15 a.m. and physical education class, in the gym, at 10:15 a.m. After that, he is going to have pizza in the school cafeteria. Describe the route he will take as well as the rooms and some of the other places he will pass by. **(10 marks)**




**OPEN ENDED—Marked Holistically**

**For Example:**

- ਜੀਵਨ ਆਪਣੇ ਘਰ ਤੋਂ ਮਿੱਚਲ ਸਕੂਲ ਰੋਡ ਪਾਰ ਕਰਕੇ ਸਕੂਲ ਜਾਵੇਗਾ । ਉਥੇ ਉਹ ਮੁੱਖ ਦਰਵਾਜੇ ਤੋਂ ਖੱਬੇ ਹੱਥ ਮੁੜ ਕੇ, ਆਫਿਸ ਅੱਗੋਂ ਲੰਘ ਕੇ, ਉਹ ਨੀਲੇ ਹਾਲ ਕੋਲ ਪਹੁੰਚੇਗਾ ।

  ਉਥੇ ਵਿਚਕਾਰਲੇ ਕਮਰੇ ਵਿੱਚ ਕੰਮਪੀਊਟਰ ਦੀ ਕਲਾਸ ਹੈ । ਉਥੋਂ ਖਤਮ ਕਰਕੇ ਉਹ ਨੀਲੇ ਹਾਲ ਤੋਂ ਸੱਜੇ ਮੁੜ ਕੇ ਪੀਲੇ ਹਾਲ ਤੇ, ਮੁੱਖ ਦਰਵਾਜੇ ਅੱਗੋਂ ਲੰਘ ਕੇ, ਲਾਲ ਹਾਲ ਤੇ ਜਿਮ੍ਹ ਹੈ । ਉਥੇ ਉਸ ਦੀ ਕਲਾਸ ਹੈ । ਜ੍ਹਿਮ ਦੇ ਸਾਹਮਣੇ, ਲਾਲ ਹਾਲ ਦੀ ਨੁੱਕਰ ਤੇ ਹੀ ਕੈਫੇਟੀਰੀਆ ਹੈ । ਉਥੇ ਉਹ ਪੀਜ਼ਾ ਖਾਣ ਜਾਵੇਗਾ ।

**PUNJABI 12 HOLISTIC SCORING GUIDE**
**Story Completion / Letter / Map Directions**

### Scalepoint 5

The writer makes a statement on topic and develops it with clarity, ease, and depth. There is often evidence of a sophisticated level of thinking, originality, and flair. The development is cohesive and complete. The sentence structure is controlled and varied. The vocabulary is generally rich. The writer shows a mastery of Punjabi diction. Minor errors in spelling and grammar do not detract from the effectiveness of the writing.

### Scalepoint 4

The writer develops the topic and expresses ideas clearly and logically. He or she usually goes beyond simple description. Sentence structure is correct, but generally conventional. The writer uses appropriate Punjabi expressions, but rarely goes beyond high frequency vocabulary. Use of tenses is generally correct, but frequently limited in scope. Minor errors in spelling and grammar do not impede comprehension.

### Scalepoint 3

The writer communicates in a generally straightforward manner. Ideas are related, but they may not always be sequentially organized. The general impression of the writing is somewhat uninspired and often variable in quality. Idiomatic Punjabi and vocabulary are presented at a predominantly basic level. Despite a number of errors in spelling and grammar, the message is easily understood.

### Scalepoint 2

Development may be deficient or simplistic and does not go beyond stating the obvious. Ideas are not necessarily sequential, resulting in choppy reading which often requires the reader to fill in details. The writer uses basic vocabulary and occasionally resorts to direct translation from English. In general, verb tenses are incorrectly and randomly used. Although the writing may contain many grammatical errors, the message is still understood.

### Scalepoint 1

Ideas may or may not be related and do not follow a logical progression. Development is frequently insufficient, and the writing lacks clarity. Vocabulary used is inappropriate or misspelled, leading to confusion. The writing is often characterized by reliance on direct translation from English and the use of English words. Verb tenses are incorrectly formed and used. The large number of grammatical errors impedes comprehension.

### Scalepoint 0

Some text has been produced, but the effort is characterized by one or more of the following problems:

a) too deficient in length to evaluate
b) errors make the paper unintelligible
c) no discernible grasp of Punjabi expressions

**END OF KEY**